੧ ਓ ਸਤਿਗੁਰ ਪ੍ਰਸਾਦਿ ॥

چندر کانتا

ਪੁਸਤਕ ਨੰ: ੨੧

G-960

# ਚੰਦ੍ਰ ਕਾਂਤਾ

## ਸੰਤਤਿ ਭਾਗ ੧੭ ਸਤਾਰਾਂ

ਪ੍ਰਕਾਸ਼ਕ !

**ਭਾਈ ਸੁੰਦਰ ਸਿੰਘ ਹਕੀਮ**

ਚੌਂਕ ਬਾਬਾ ਅਟੱਲ ਅਮ੍ਰਿਤਸਰ

੧ ਓ ਸਤਿਗੁਰਪ੍ਰਸਾਦਿ ॥

# ਚੰਦ੍ਰਕਾਂਤਾ ਸੰਤਤਿ

## ਸਤਾਰ੍ਹਵਾਂ ਭਾਗ

## ਪਹਿਲਾ ਕਾਂਡ

ਸਾਡੇ ਪਾਠਕ "ਲੀਲਾ" ਨੂੰ ਨਹੀਂ ਭੁਲ ਗਏ ਹੋਣਗੇ ਤਲਿਸਮੀ ਦਰੋਗੇ ਦੇ ਬੰਗਲੇ ਦੇ ਉਜੜਨ ਤੋਂ ਪਹਿਲਾਂ ਇਸਦਾ ਨਾਉਂ ਆਇਆ ਹੈ ਇਸਦੇ ਪਿਛੋਂ ਇਸਦਾ ਨਾਉਂ ਨਹੀਂ ਆਇਆ।

ਲੀਲਾ ਨੂੰ ਜਮਾਨੀਆਂ ਦੀ ਖਬਰਦਾਰੀ ਸਪੁਰਦ ਕਰਕੇ ਮਾਯਾ ਰਾਨੀ ਨਾਗਰ ਦੇ ਮਕਾਨ ਵਿਚ ਕਾਂਸ਼ੀ ਚਲੀ ਗਈ ਸੀ ਤੇ ਫੇਰ ਦਰੋਗੇ ਦਾ ਮੇਲ ਹੋ ਜਾਣ ਤੇ ਦਰੋਗੇ ਦੇ ਨਾਲ ਇੰਦ੍ਰ ਦੇਵ ਦੇ ਘਰ ਚਲੀ ਗਈ, ਜਦ ਇੰਦ੍ਰ ਦੇਵ ਦੇ ਘਰੋਂ ਨਸੇ ਤਾਂ ਦਰੋਗੇ ਤਥਾ ਸ਼ੇਰ ਅਲੀ ਖਾਂ ਦੀ ਸਹਾਇਤਾ ਨਾਲ ਰੋਹਤਾਸਗੜ੍ਹ ਦੇ ਅੰਦਰ ਜਾਣ ਦਾਂ ਪ੍ਰਬੰਧ ਕੀਤਾ ਜੇਹਾ ਕਿ ਸੰਤਤਿ ਦੇ *ਬਾਹਰਵੇਂ ਭਾਗ ਵਿਚ ਲਿਖਿਆ ਗਿਆ ਹੈ ਤਦ ਲੀਲਾ ਭੀ ਮਾਯਾ ਰਾਣੀ ਦੇ ਨਾਲ ਸੀ ਪਰ ਰੋਹਤਾਸਗੜ੍ਹ ਜਾਣ ਦੇ ਪਹਿਲਾਂ ਹੀ ਮਾਯਾ

*ਦੇਖੋ ਸੰਤਤਿ ਨੌਵਾਂ ਭਾਗ ਅਠਵਾਂ ਕਾਂਡ

ਰਾਣੀ ਨੇ ਓਸਨੂੰ ਆਪਣੀ ਰਾਖੀ ਦਾ ਢੰਗ ਬਣਾਕੇ ਪਹਾੜ ਦੇ ਹੇਠਾਂ ਹੀ ਛਡ ਦਿਤਾ ਸੀ। ਮਾਯਾ ਰਾਣੀ ਨੇ ਆਪਣਾ ਤਲਿਸਮੀ ਤਮਾਚਾ (ਪਿਸਤੌਲ ਜਿਸ ਵਿਚ ਬੇਹੋਸ਼ੀ ਦਾ ਬਾਰੂਦ ਤੇ ਗੋਲੀ ਚਲਾਈ ਜਾਂਦੀ ਸੀ ਲੀਲਾ ਨੂੰ ਦੇਕੇ ਕਹਿ ਦਿਤਾ ਸੀ ਕਿ ਮੈਂ ਸ਼ੇਰ-ਅਲੀ ਖਾਂ ਦੀ ਸਹਾਇਤਾ ਤੇ ਭਰੋਸੇ ਨਾਲ ਰੋਹਤਾਸਗੜ ਦੇ ਅੰਦਰ ਜਾਂਦੀ ਹਾਂ ਪਰ ਏਯਾਰਾਂ ਦੇ ਹਥੀਂ ਮੇਰਾ ਫੜੇ ਜਾਣਾ ਕਈ ਵਡੀ ਗੱਲ ਨਹੀਂ ਕਿਉਂਕਿ ਬੀਰੇਂਦ੍ਰ ਸਿੰਘ ਦੇ ਏਯਾਰ ਬੜੇ ਹੀ ਚਾਲਾਕ ਹਨ ਭਾਵੇਂ ਓਨਾਂ ਤੋਂ ਬਚਣ ਦੀ ਪੂਰੀ ੨ ਵਿਓਂਤ ਕੀਤੀ ਗਈ ਹੈ ਪਰ ਫਰ ਭੀ ਮੈਂ ਨਿਸਚਿੰਤ ਨਹੀਂ ਰਹਿ ਸਕਦੀ ਸੋ ਇਹ ਤਲਿਸਮੀ ਤਮਾਚਾ ਤੂੰ ਆਪਣੇ ਪਾਸ ਰਖ ਤੇ ਪਹਾੜ ਦੇ ਹੇਠਾਂ ਹੀ ਰਹਿ ਕੇ ਸਾਡੇ ਵਲੋਂ ਟੋਹ ਲੈਂਦੀ ਰਹੀਂ ਜੇ ਅਸੀ ਆਪਣਾ ਕੰਮ ਕਰਕ ਰਾਜ਼ੀ ਖੁਸ਼ੀ ਮੁੜ ਆਏ ਤਦ ਤਾਂ ਕੋਈ ਗੱਲ ਨਹੀਂ ਈਸ਼੍ਵਰ ਨ ਕਰੇ ਜੇ ਮੈਂ ਫੜੀ ਗਈ ਤਾਂ ਤੂੰ ਮੈਨੂੰ ਛੁਡਾਉਣ ਦਾ ਯਤਨ ਕਰੀਂ ਤੇ ਇਸ ਤਮਾਚੇ ਤੋਂ ਕੰਮ ਲਵੀਂ ਇਸ ਦੇ ਚਲਾਉਣ ਵਾਲੀਆਂ ਗੋਲੀਆਂ ਤੇ ਤਾਂਬੇ ਦਾ ਪਤਰਾ ਜਿਸ ਵਿਚ ਗੋਲੀਆਂ ਦੇ ਬਨਾਣ ਦਾ ਢੰਗ ਲਿਖਿਆ ਹੋਇਆ ਹੈ ਮੈਂ ਤੈਨੂੰ ਦੇਂਦੀ ਹਾਂ।

ਜਦ ਦਰੋਗੇ ਤੇ ਸ਼ੇਰ ਅਲੀ ਖਾਂ ਸਮੇਤ ਮਾਯਾ ਰਾਣੀ ਫੜੀ ਗਈ ,ਤੇ ਇਹ ਖਬਰ ਸ਼ੇਰ ਅਲੀ ਖਾਂ ਦੇ ਲਸ਼ਕਰ ਵਿਚ (ਜੋ ਪਹਾੜੀ ਦੇ ਹੇਠਾਂ ਸੀ, ਪਹੁੰਚੀ ਤਾਂ ਲੀਲਾ ਨੇ ਭੀ ਇਹ ਸਭ ਹਾਲ ਸੁਣਿਆਂ ਤੇਓਹ ਉਸੇ ਵੇਲੇ ਓਥੋਂ ਦੀ ਕਿਤੇ ਲਾਂਭੇ ਜਾਕੇ ਲੁਕ ਰਹੀ ਤੇ ਜਦ ਤਕ ਰਾਜਾ ਬੀਰੇਂਦ੍ਰ ਸਿੰਘ ਚੁਨਾਰ ਗੜ ਵਲ ਨ ਚਲਾ



ਗਿਆ ਓਹ ਭੀ ਓਸ ਇਲਾਕੇ ਤੋਂ ਬਾਹਰ ਨ ਗਈ ਏਤਨੇ ਚਿਰ ਵਿਚ ਓਸਨੇ ਸ਼ਿਵਦੱਤ ਅਤੇ ਕਲਯਾਣ ਸਿੰਘ (ਜੋ ਬਹੁਤ ਸਾਰੇ ਆਦਮੀਆਂ ਨੂੰ ਨਾਲ ਲੇਕੇ ਤਹਿਖਾਨੇ ਵਿਚ ਵੜੇ ਸੀ) ਵਾਲੀ ਗਲ ਭੀ ਸੁਣ ਲਈ।

ਮਾਧਵੀ, ਮਨੋਰਮਾ ਤੇ ਸ਼ਿਵਦੱਤ ਨੇ ਜਦ ਏਯਾਰਾਂ ਦੀ ਸਹਾਇਤਾ ਨਾਲ ਛੁਡਾਇਆ ਸੀ ਤਾਂ ਭੀਮਸੈਨ ਭੀ ਉਸ ਦੇ ਨਾਲ ਹੀ ਛੁਡਾਇਆ ਗਿਆ ਸੀ ਪਰ ਭੀਮ ਸੈਨ ਕੁਛ ਬੀਮਾਰ ਸੀ ਇਸ ਲਈ ਸ਼ਿਵਦੱਤ ਦੇ ਨਾਲ ਰੋਤਾਸਗੜ ਦੇ ਤਹਿਖਾਨੇ ਵਿਚ ਨਹੀਂ ਜਾ ਸਕਿਆ ਸੀ ਸ਼ਿਵਦੱਤ ਨੇ ਓਸਨੂੰ ਆਪਣੇ ਏਯਾਰਾਂ ਦੀ ਰਖਵਾਲੀ ਸ਼ਿਵਦੱਤ ਗੜ੍ਹ ਭੇਜ ਦਿਤਾ ਸੀ।

ਸਭਨਾਂ ਧੰਦਿਆਂ ਤੋਂ ਵੇਹਲੇ ਹੋਕੇ ਜਦ ਕੈਦੀਆਂ ਨੂੰ ਨਾਲ ਲੇਕੇ ਰਾਜਾ ਬੀਰੇਂਦ੍ਰ ਸਿੰਘ ਚੁਨਾਰ ਗੜ ਵਲ ਤੁਰ ਗਏ ਤਾਂ ਲੀਲਾ ਭੀ ਏਸ ਵਟਾਕੇ ਮਾਯਾ ਰਾਣੀ ਨੂੰ ਛੁਡਾਉਣ ਲਈ ਉਨਾਂ ਦੇ ਲਸ਼ਕਰ ਵਲ ਤੁਰ ਪਈ। ਰਸਤੇ ਵਿਚ ਨਕਲੀ ਕਿਸ਼ੋਰੀ, ਕਾਮਨੀ ਤੇ ਕਮਲਾ ਦੇ ਮਾਰੇ ਜਾਣ ਵਾਲੀ ਗਲਭੀ ਉਸਦੇ ਸਾਹਮਣੇ ਹੀ ਹੋਈ ਸੀ ਹੁਨ ਤਕ ਓਸਨੂੰ ਆਪਣੀ ਕਾਰਰਵਾਈ ਕਰਨ ਦਾ ਸਮਾਂ ਨਹੀਂ ਮਿਲਿਆ ਸੀ ਅਰ ਜਦ ਨਕਲੀ ਕਿਸ਼ੋਰੀ, ਕਾਮਨੀ ਤੇ ਕਮਲਾ ਦੇ ਸਸਕਾਰ ਆਦਿਕ ਤੋਂ ਵੇਹਲੇ ਹੋਕੇ ਅਗੇ ਤੁਰੇ ਅਰ ਕੁਛ ਵੈਰੀਆਂ ਵਲੋਂ ਨਿਸਚਿੰਤ ਹੋਗਏ ਤਾਂ ਮਨੋਰਮਾਂ ਨੂੰ ਆਪਣੀ ਕਾਰਰਵਾਈ ਕਰਨ ਦਾ ਸਮਾਂ ਮਿਲ ਗਿਆ ਅਤੇ ਓਹ ਉਸ ਤੰਬੂ ਦੇ ਗਿਰਦ ਫਰੀਆਂ ਲਾਉਣ ਲਗ ਪਈ ਜਿਸ ਵਿਚ ਮਾਯਾ ਰਾਣੀ ਕੈਦ ਸੀ, ਚਾਹਲੀ ਆਦਮੀ ਨੰਗੀਆਂ ਤਲਵਾਰਾਂ ਲਈ ਇਸ ਤੰਬੂ ਦੇ

ਗਿਰਦ ਪਹਿਰਾ ਦੇਂਦੇ ਸਨ । ਦੇਵ ਨੇਤਇਕ ਦਿਨ ਮੀਂਹ ਤੇ ਹਨੇਰੀ ਆ ਗਈ ਇਸ ਵੇਲੇ ਇਸ ਨੀਚ ਰਾਣੀ ਨੂੰ ਆਪਣਾ ਕੰਮ ਕਰਨ ਦਾ ਚੰਗਾ ਸਮਾਂ ਮਿਲ ਗਿਆ।

ਬੀਰੇਂਦ੍ਰ ਸਿੰਘ ਦੇ ਲਸ਼ਕਰ ਦਾ ਡੇਰਾ ਇਕ ਬਨ ਵਿਚ ਸੀ, ਸਮਾਂ ਚੰਗਾ ਸੀ ਪਰ ਸੰਧਯਾਂ ਪੈਣ ਤੋਂ ਪਹਿਲਾਂ ਹੀ ਅਕਾਸ਼ ਵਿਚ ਬਦਲਾਂ ਦਾ ਸ਼ਾਮਯਾਨਾ ਤਣਿਆ ਗਿਆ, ਫੇਰ ਬੜੇ ਜੋਰ ਦੀ ਹਵਾ ਵਗਣ ਲਗ ਪਈ, ਬਿਜਲੀ ਲਿਸ਼ਕਣ ਲਗ ਪਈ ਤੇ ਪਹਿਰ ਰਾਤ ਜਾਂਦਿਆਂ ਤਕ ਮੀਂਹ ਹਨੇਰੀ ਨੇ ਭਾਰਾ ਘਮਸਾਨ ਮਚਾ ਦਿਤਾ, ਇਸ ਵੇਲੇ ਲਸ਼ਕਰ ਵਾਲਿਆਂ ਨੂੰ ਬੜੀ ਔਖਿਆਈ ਹੋਈ, ਹਜ਼ਾਰਾਂ ਗਰੀਬ ਸਿਪਾਹੀ ਘਸਿਆਰੇ ਤੇ ਮਜੂਰ ਲੋਕ ਜੋ ਖੁਲੇ ਮੈਦਾਨ ਵਿਚ ਸੌਂਦੇ ਸਨ ਸੋ ਇਸ ਝਖੜ ਤੋਂ ਦੁਖੀ ਹੋਕੇ ਜਾਨ ਬਚਾਉਣ ਦੇ ਫਿਕਰ ਵਿਚ ਲਗੇ, ਭਾਵੇਂ ਰਾਜਾ ਬੀਰੇਂਦ੍ਰ ਸਿੰਘ ਦੇ ਤਰਸਵਾਨ ਹੋਣ ਕਰਕੇ ਬਹੁਤਿਆਂ ਨੂੰ ਸੁਖ ਮਿਲਿਆ ਤੇ ਹਜ਼ਾਰਾਂ ਆਦਮੀ ਤੰਬੂ ਤੇ ਸ਼ਾਮਯਾਨਿਆਂ ਦੇ ਅੰਦਰ ਵੜ ਗਏ ਏਥੋਂ ਤਕ ਕਿ ਰਾਜਾ ਬੀਰੇਂਦ੍ਰ ਸਿੰਘ ਤੇ ਤੇ ਤੇਜ ਸਿੰਘ ਦੇ ਤੰਬੂਆਂ ਵਿਚ ਭੀ ਸੈਂਕੜੇ ਆਦਮੀਆਂ ਨੂੰ ਆਸਰਾ ਮਿਲ ਗਿਆ ਪਰ ਫੇਰ ਭੀ ਸੈਂਕੜੇ ਆਦਮੀ ਅਜੇਹੇ ਸਨ ਜਿਨਾਂ ਦੇ ਭਾਗਾਂ ਵਿਚ ਦੁਖ ਹੀ ਸੀ ਇਹ ਸਭ ਕੁਛ ਸੀ ਪਰ ਲੀਲਾ ਨੂੰ ਇਸ ਵੇਲੇ ਭੀ ਚੈਨ ਨਹੀਂ ਸੀ ਤੇ ਉਹ ਇਸ ਦੁਖ ਨੂੰ ਦੁਖ ਨਹੀਂ ਸਮਝਦੀ ਸੀ ਕਿਉਂਕਿ ਉਸਨੂੰ ਆਪਣਾ ਕੰਮ ਕਰਨ ਦਾ ਏਹੋ ਚੰਗਾ ਸਮਾਂ ਦਿਸਿਆ ਸੀ ।

ਜਿਸ ਤੰਬੂ ਵਿਚ ਮਾਯਾ ਰਾਣੀ ਤੇ ਦਰੋਗ ਆਦਿਕ



ਕੈਦ ਸਨ ਉਸ ਤੋਂ ਕੋਈ ਪੰਜਾਹ ਕੁ ਹਥ ਦੂਰ ਇਕ ਬੋਹੜ ਦਾ ਬੜਾ ਭਾਰਾ ਪੁਰਾਣਾ ਬ੍ਰਿਛ ਸੀ ਮੀਂਹ ਹਨੇਰੀ ਦਾ ਕੁਛ ਡਰ ਨ ਰਖਕੇ ਲੀਲਾ ਉਸ ਬ੍ਰਿਛ ਤੇ ਚੜ ਗਈ ਤੇ ਕੈਦੀਆਂ ਦੇ ਤੰਬੂ ਵਲ ਤਲਿਸਮੀ ਤਮਾਚੇ ਦਾ ਨਿਸ਼ਾਨਾ ਕਰਨ ਲਗੀ ਜਿਸ ਵੇਲੇ ਬਿਜਲੀ ਚਮਕਦੀ ਸੀ ਓਹ ਆਪਣਾ ਨਿਸ਼ਾਨਾ ਪੱਕਾ ਕਰਦੀ ਜਾਂਦੀ ਸੀ ਭਾਵੇਂ ਹੋ ਸਕਦਾ ਸੀ ਕਿ ਬਿਜਲੀ ਦੇ ਚਾਨਣ ਵਿਚ ਉਸਨੂੰ ਬ੍ਰਿਛ ਤੇ ਬੈਠਿਆਂ ਹੋਇਆਂ ਕੋਈ ਵੇਖ ਲਵੇ ਪਰ ਜਿਨਾਂ ਸਿਪਾਹੀਆਂ ਦਾ ਕੈਦੀਆਂ ਵਾਲੇ ਤੰਬੂ ਤੇ ਪਹਿਰਾ ਸੀ ਓਹ ਸਭ ਮੀਂਹ ਤੋਂ ਡਰਦੇ ਤੰਬੂ ਦੇ ਅੰਦਰ ਵੜੇ ਹੋਏ ਸਨ ਤੰਬੂ ਦੇ ਬਾਹਰ ਜਾਂ ਆਸ ਪਾਸ ਕੋਈ ਆਦਮੀ ਨਹੀਂ ਸੀ ।

ਲੀਲਾ ਜਦ ਆਪਣਾ ਨਿਸ਼ਾਨਾ ਠੀਕ ਕਰ ਚੁਕੀ ਤਾਂ ਉਸਨੇ ਇਕ ਗੋਲੀ (ਬੇਹੋਸ਼ੀ ਦੀ) ਚਲਾਈ । ਅਸੀ ਪਹਿਲੇ ਕਿਸੇ ਕਾਂਡ ਵਿਚ ਲਿਖ ਆਏ ਹਾਂ ਕਿ ਤਮਾਚੇ ਵਿਚ ਗੋਲੀ ਚਲਾਉਣ ਨਾਲ ਕੋਈ ਅਵਾਜ਼ ਨਹੀਂ ਹੁੰਦੀ ਸੀ ਪਰ ਜਦ ਓਹ ਭੁੰਜੇ ਡਿਗਦੀ ਸੀ ਤਾਂ ਹਲਕੀ ਜੇਹੀ ਪਟਾਕੇ ਦੀ ਅਵਾਜ਼ ਆਉਂਦੀ ਸੀ।

ਲੀਲਾ ਦੀ ਚਲਾਈ ਹੋਈ ਗੋਲੀ ਤੰਬੂ ਨੂੰ ਛੇਕ ਕਰਕੇ ਅੰਦਰ ਲੰਘ ਗਈ ਤੇ ਇਕ ਸਿਪਾਹੀ ਦੀ ਪਿਠ ਤੇ ਵਜੀ ਪ੍ਰੰਤੂ ਉਸ ਨਾਲ ਕੋਈ ਹਾਨੀ ਨਾ ਹੋਈ ਕੇਵਲ ਹਲਕੀ ਜੇਹੀ ਅਵਾਜ਼ ਆਈ, ਤੇ ਬੇਹੋਸ਼ੀ ਦਾ ਬਹੁਤ ਸਾਰਾ ਧੂੰਆਂ ਅੰਦਰ ਖਿਲਰ ਗਿਆ । ਹੁਣ ਤਕ ਤਾਂ ਮਾਯਾ ਰਾਣੀ ਬੈਠੀ ਹੋਈ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.